ਬਾਲ
ਸਾਹਿਤ

# ਪੰਛੀਆਂ ਦੇ ਗੀਤ



ਮਨਮੋਹਨ ਸਿੰਘ ਦਾਊਂ



# ਪੰਛੀਆਂ ਦੇ ਗੀਤ

## (ਬੱਚਿਆਂ ਲਈ)

**Approved by D.P.I. Punjab for Schools**

ਲੇਖਕ

**ਮਨਮੋਹਨ ਸਿੰਘ ਦਾਊਂ**

ਭਾਰਤੀ ਸਾਹਿਤ ਅਕਾਦਮੀ (ਦਿੱਲੀ) ਸਨਮਾਨਿਤ

ਸ਼੍ਰੋਮਣੀ ਬਾਲ ਸਾਹਿਤ ਲੇਖਕ ਸਨਮਾਨ

(ਪੰਜਾਬ ਸਰਕਾਰ)

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

# Panchhian De Geet

(For Children)

by : **Manmohan Singh Daon**
# 280, Phase-6, S.A.S. Nagar,
Mohali (Pb.) -160055
Mob : 98151-23900
E.mail. : m.s.daonpoet@gmail.com

Title designed by T. Singh

ISBN : 978-81-7914-93-0

New Colourful Edition : 2024

Price : Rs. 200

**Published by :**

Tarlochan Publishers
3236, Sector 15-D, Chandigarh
Mob: 98146-73236, Tel. 0172-4613236
E-mail : tpublishers3236@gmail.com

---

**ਪੰਛੀਆਂ ਦੇ ਗੀਤ, ਲੇਖਕ : ਮਨਮੋਹਨ ਸਿੰਘ ਦਾਊਂ**

**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ-160015

**ਪੇਸ਼ਕਸ਼** : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

## ਸਮਰਪਣ

ਪੰਛੀਆਂ ਦੇ ਮਾਹਿਰ ਵਿਦਵਾਨ
ਤੇ ਕੁਦਰਤ ਪ੍ਰੇਮੀ
**ਸਵਰਗੀ ਡਾ. ਸਲੀਮ ਅਲੀ**
ਦੀ ਯਾਦ ਨੂੰ!!



# ਇਸ ਪੁਸਤਕ ਲਈ ਗਿਆਨ ਪ੍ਰਾਪਤੀ ਦੇ ਸੋਮੇ


1. **ਸਾਡੇ ਪੰਛੀ**

   **ਲੇਖਕ** : ਡਾ. ਸਲੀਮ ਅਲੀ, ਸ੍ਰੀਮਤੀ ਲਾਇਕ ਫ਼ਤਹਿਅਲੀ

   (ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ ਦੀ ਪ੍ਰਕਾਸ਼ਨਾ)

   **ਅਨੁਵਾਦਕ** : ਗੁਰਬਖ਼ਸ਼ ਸਿੰਘ ਸੋਚ

2. **ਅਣੋਖੇ ਪੰਛੀ**

   **ਲੇਖਕ** : ਬਲਜੀਤ ਸਿੰਘ ਬਲੀ

   (ਭਾਸ਼ਾ ਵਿਭਾਗ, ਪੰਜਾਬ ਦੀ ਪ੍ਰਕਾਸ਼ਨਾ)

3. **ਸਾਡੇ ਪੰਛੀ**

   **ਲੇਖਕਾ** : ਡਾ. ਰਾਜਿੰਦਰ ਕੌਰ

   (ਭਾਸ਼ਾ ਵਿਭਾਗ, ਪੰਜਾਬ ਦੀ ਪ੍ਰਕਾਸ਼ਨਾ)

4. **ਮਹਾਨ ਕੋਸ਼**

   **ਲੇਖਕ** : ਭਾਈ ਕਾਨ੍ਹ ਸਿੰਘ ਨਾਭਾ

5. **The Wonderful world of Birds & Their Behaviour**

   **By :** Dr. Donald Brown

6. **The World Atlas of Birds**

   **By :** Sir Peter Scott CBE DSC

# ਤਤਕਰਾ


| | | |
|---|---|---|
| 1. | ਪੰਛੀ ਮੈਨੂੰ ਗੀਤ ਸੁਣਾ | 7 |
| 2. | ਚਿੜੀ | 9 |
| 3. | ਕਬੂਤਰ | 11 |
| 4. | ਤੋਤਾ | 13 |
| 5. | ਕਾਂ | 15 |
| 6. | ਘੁੱਗੀ | 17 |
| 7. | ਮੋਰ | 19 |
| 8. | ਕੋਇਲ | 21 |
| 9. | ਗੁਟਾਰ | 23 |
| 10. | ਬਗਲਾ | 25 |
| 11. | ਇੱਲ੍ਹ | 27 |
| 12. | ਉੱਲੂ | 29 |

13. ਚੱਕੀਰਾਹਾ 31
14. ਬਿਜੜਾ 33
15. ਟਟੀਹਰੀ 35
16. ਕਠਫੋੜਾ 37
17. ਨੀਲਕੰਠ 39
18. ਮਮੋਲਾ 41
19. ਕੂੰਜ 43
20. ਬਾਜ਼ 45
21. ਹੰਸ 47
22. ਮਨਮੋਹਣੇ ਪੰਛੀ 48



# ਪੰਛੀ ਮੈਨੂੰ ਗੀਤ ਸੁਣਾ

ਚਿੜੀਏ ਚਿੜੀਏ
ਚੀਂ ਚੀਂ ਗਾ,
ਕਾਂਵਾਂ ਕਾਂਵਾਂ
ਢੋਲ ਵਜਾ।

ਕੋਇਲੇ ਮਿੱਠਾ
ਗੀਤ ਸੁਣਾ,
ਮੋਰ ਪਿਆਰੇ
ਪੈਲਾਂ ਪਾ।


ਘੁੱਗੀਏ-ਘੁੱਗੂੰ
ਘੁੱਗੂੰ-ਗਾ,
ਉਡੀਂ ਕਬੂਤਰ
ਅੰਬਰੀਂ ਜਾ।

ਗੰਗਾ ਰਾਮਾ
ਚੂਰੀ ਖਾਹ,
ਚੂਰੀ ਖਾ ਕੇ
ਨਕਲਾਂ ਲਾਅ।



# ਚਿੜੀ

ਚਿੜੀ ਸਭ ਤੋਂ ਵੱਧ ਜਾਣਿਆ ਪਛਾਣਿਆ ਪੰਛੀ ਹੈ ਜੋ ਹਰ ਥਾਂ ਮਿਲਦਾ ਹੈ। ਰੁੱਖ, ਖੇਤ ਤੇ ਘਰ ਇਸ ਦੇ ਟਿਕਾਣੇ ਹਨ। ਇਸ ਦੀ ਮੁੱਖ ਖੁਰਾਕ ਦਾਣੇ ਜਾਂ ਬੀਜ ਹਨ। ਚਿੜੀ ਘਾਹ-ਫੂਸ ਦੀਆਂ ਤਿੜ੍ਹਾਂ ਵਾਲੇ ਨਿੱਕੇ ਜਿਹੇ ਆਲ੍ਹਣੇ 'ਚ 3 ਤੋਂ 5 ਆਂਡੇ ਦਿੰਦੀ ਹੈ।



# ਚਿੜੀ

ਆ ਨੀਂ ਨਿੱਕੀਏ
ਚਿੜੀਏ ਆ,
ਮੈਨੂੰ ਆਪਣਾ
ਗੀਤ ਸੁਣਾ।

ਕੂਲੇ ਕੂਲੇ
ਤੇਰੇ ਖੰਭ,
ਕਿੰਨੇ ਸੁਹਣੇ
ਲੱਗਣ ਰੰਗ।

ਸਾਡੇ ਵਿਹੜੇ
ਰੌਣਕ ਲਾਵੇਂ,
ਨਿੱਤ ਦਿਹਾੜੇ
ਗੀਤ ਸੁਣਾਵੇਂ।

ਆ ਮੈਂ ਤੈਨੂੰ
ਚੋਗਾ ਪਾਵਾਂ,
ਦਾਣੇ ਪਾ ਕੇ
ਖੁਸ਼ੀ ਮਨਾਵਾਂ।

ਤੇਰੀ ਨਿੱਕੀ
ਚੁੰਝ ਪਿਆਰੀ,
ਉੱਡ ਜਾਵੇਂ ਤੂੰ
ਮਾਰ ਉਡਾਰੀ।

ਚੰਗੀ ਲੱਗੇ
ਚੀਂ ਚੀਂ ਤੇਰੀ,
ਠਹਿਰੀਂ ਠਹਿਰੀਂ
ਸੁਣ ਗੱਲ ਮੇਰੀ।



# ਕਬੂਤਰ

ਕਬੂਤਰ ਸਲੇਟੀ, ਚਿੱਟੇ ਤੇ ਚੀਨੇ ਰੰਗ ਦੇ ਹੁੰਦੇ ਹਨ। ਪੁਰਾਣੀਆਂ ਤੇ ਢੱਠੀਆਂ ਹੋਈਆਂ ਇਮਾਰਤਾਂ ਇਸ ਦੀਆਂ ਮਨਭਾਉਂਦੀਆਂ ਥਾਂਵਾਂ ਹਨ। ਇਸ ਦਾ ਆਲ੍ਹਣਾ ਸੁਹਣਾ ਨਹੀਂ ਹੁੰਦਾ। ਮਦੀਨ ਚਿੱਟੇ ਰੰਗ ਦੇ ਦੋ ਆਂਡੇ ਦਿੰਦੀ ਹੈ। ਚਿੱਟੇ ਕਬੂਤਰ ਅਮਨ ਦੇ ਪ੍ਰਤੀਕ ਵੱਜੋਂ ਉਡਾਏ ਜਾਂਦੇ ਹਨ।



# ਕਬੂਤਰ

ਕਰੇ ਕਬੂਤਰ
ਗੁਟਕੂੰ-ਗੂੰ!
ਪੰਮੀ ਮੈਨੂੰ
ਪੁੱਛਣ ਲੱਗੀ,
"ਕਿੰਨੇ ਰੰਗ ਦੇ
ਵੇਖੇ ਤੂੰ?"

ਕੋਈ ਸਲੇਟੀ
ਕੋਈ ਚਿੱਟਾ,
ਕੋਈ ਮੈਂ ਚੀਨਾ
ਉਡਦਾ ਡਿੱਠਾ।

ਪੰਮੀ ਪੁੱਛੇ :
ਕਿੱਥੇ ਨੇ ਉਹ?
ਕੰਧ ਉੱਤੇ ਸੀ
ਬੈਠੇ ਜੋ।

ਮਾਰ ਉਡਾਰੀ
ਉੱਡ ਗਏ ਸਾਰੇ,
ਤੋੜਨ ਲੱਗੇ,
ਅੰਬਰ ਤਾਰੇ।

ਪੰਮੀ ਰਹਿ ਗਈ
ਹੱਕੀ ਬੱਕੀ
ਉਡਦੀ ਡਾਰ
ਜਦੋਂ ਉਸ ਤੱਕੀ।

ਬੜਾ ਸਿਖਾਂਦਰੂ
ਪੰਛੀ ਏਹੇ
ਦੇਂਦਾ ਰਿਹਾ
ਖ਼ਤ ਸੁਨੇਹੇ।



## ਤੋਤਾ

ਹਰੇ ਰੰਗ ਦਾ ਤੋਤਾ ਸਾਡੇ ਦੇਸ਼ ਵਿੱਚ ਆਮ ਮਿਲਣ ਵਾਲਾ ਪੰਛੀ ਹੈ। ਇਹ ਰੁੱਖਾਂ ਦੀਆਂ ਖੁੱਡਾਂ ਜਾਂ ਕੰਧਾਂ ਦੀਆਂ ਦਰਾੜਾਂ ਵਿੱਚ ਆਲ੍ਹਣੇ ਬਣਾਉਂਦਾ ਹੈ। ਇਸ ਦੀਆਂ ਡਾਰਾਂ ਤਿੱਖੀਆਂ ਆਵਾਜ਼ਾਂ ਕੱਢਦੀਆਂ ਹਨ। ਪਿੰਜਰੇ ਦੇ ਪਾਲਤੂ ਗਾਨੀ ਵਾਲੇ ਤੋਤੇ ਨੂੰ ਮਨੁੱਖੀ ਬੋਲੀ ਸਿਖਾਈ ਜਾ ਸਕਦੀ ਹੈ।



# ਤੋਤਾ

ਉਡਦਾ-ਉਡਦਾ ਤੋਤਾ ਆਇਆ,
ਅੰਬ 'ਤੇ ਬਹਿ ਉਸ ਰੌਲਾ ਪਾਇਆ।
ਲਾਲ ਤੇ ਤਿੱਖੀ ਮੁੜਵੀਂ ਚੁੰਝ,
ਅੰਬੀਆਂ ਟੁਕਦਾ ਮਾਰ ਕੇ ਠੁੰਗ।
ਗਾਨੀ ਫੱਬਦੀ ਬੜੀ ਕਮਾਲ,
ਸਾਵੇ ਰੰਗ 'ਤੇ ਸੂਹੀ ਲਾਲ।
ਹਰੇ ਹਰੇ ਨੇ ਇਸ ਦੇ ਖੰਭ,
ਜਦ ਇਹ ਬੋਲੇ ਹੋਈਏ ਦੰਗ।
ਬੋਲੀ ਸਿੱਖ ਲਵੇ ਇਹ ਸੁਣ,
ਇਸ ਦੇ ਵਿੱਚ ਇਹ ਵੱਡਾ ਗੁਣ।
ਕਦੇ ਬੈਠ ਕੇ ਸੀਟੀਆਂ ਮਾਰੇ,
ਕਦੇ ਵੇਖ ਕੇ ਨਕਲ ਉਤਾਰੇ।
ਕਈ ਤਰ੍ਹਾਂ ਦੇ ਕੱਢੇ ਬੋਲ,
ਸੁਣ ਕੇ ਸਾਰੇ ਹੋਣ ਕਲੋਲ।
ਰੁੱਖ ਦੀ ਖੁੱਡ 'ਚ ਇਸ ਦਾ ਘਰ,
ਖੜਕੇ ਤੋਂ ਝੱਟ ਜਾਵੇ ਡਰ।
ਚੂਰੀ ਖਾਵੇ ਨਾਲ ਸੁਆਦ,
ਇਹ ਗੱਲ ਰੱਖੀਂ ਬੀਬਾ ਯਾਦ।



## ਕਾਂ

ਕਾਂ ਸ਼ਹਿਰਾਂ ਤੇ ਪਿੰਡਾਂ 'ਚ ਰਹਿਣ ਵਾਲਾ ਪੰਛੀ ਹੈ। ਇਸ ਦੀ ਸਿਆਣਪ ਤੇ ਚਲਾਕੀ ਬੜੀ ਮਸ਼ਹੂਰ ਹੈ। ਝਪਟ ਮਾਰ ਕੇ ਚੀਜ਼ ਚੋਰੀ ਕਰਨੀ ਇਸ ਦੀ ਆਦਤ ਹੈ। ਕਾਂ ਕਈ ਪੰਛੀਆਂ ਦੇ ਬੋਟ ਵੀ ਆਲ੍ਹਣਿਆਂ 'ਚੋਂ ਖਾ ਜਾਂਦਾ ਹੈ। ਇਸ ਦੀ ਆਵਾਜ਼ ਖਰਵੀ ਹੁੰਦੀ ਹੈ।



# ਕਾਂ

ਕਾਂ-ਕਾਂ
ਕਾਲਾ ਕਾਂ,
ਚੁੱਪ ਹੋਣ ਦਾ
ਲਵੇ ਨਾ ਨਾਂ।

ਕਾਲੀ ਚੁੰਝ
ਤੇ ਪੌਂਚੇ ਦੋ,
ਦੇਖ ਕੇ ਰੋਟੀ
ਲੈਵੇ ਖੋਹ।

ਆਲ੍ਹਣਿਆਂ 'ਚ
ਲਾਵੇ ਦਾਅ,
ਆਂਡੇ ਭੰਨ ਕੇ
ਲੈਵੇ ਖਾਹ।

ਚੀਜ਼ ਚੁਰਾਵੇ,
ਨਾਲ ਚਲਾਕੀ,
ਬੈਠ ਬਨੇਰੇ
ਜਾਵੇ ਝਾਕੀ।

ਬੋਲੀ ਇਸ ਦੀ
ਕੰਨ ਪਈ ਖਾਵੇ,
ਹਰ ਕੋਈ ਇਸ ਨੂੰ
ਦੂਰ ਭਜਾਵੇ।

ਕਾਂ ਉਦੋਂ ਨਾ
ਲੱਗਦਾ ਚੰਗਾ,
ਕੰਮ ਜਦੋਂ ਇਹ
ਕਰਦਾ ਮੰਦਾ।



# ਘੁੱਗੀ

ਘੁੱਗੀ ਇੱਕ ਸਾਊ ਪੰਛੀ ਕਰਕੇ ਜਾਣੀ ਜਾਂਦੀ ਹੈ। ਇਸ ਦਾ ਆਲ੍ਹਣਾ ਡੱਕਿਆਂ ਦੇ ਰੁੱਗ ਵਰਗਾ ਹੁੰਦਾ ਹੈ। ਇਹ ਕੇਵਲ ਦੋ ਚਿੱਟੇ ਰੰਗ ਦੇ ਆਂਡੇ ਦਿੰਦੀ ਹੈ। ਕਾਂ ਜਦੋਂ ਇਸ ਨੂੰ ਤੰਗ ਕਰੇ ਤਾਂ ਉਸਦਾ ਪੂਰਾ ਮੁਕਾਬਲਾ ਕਰਦੀ ਹੈ। ਘੁੱਗੀ ਨੂੰ ਅਮਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ।



# ਘੁੱਗੀ

ਘੁੱਗੀਏ ਨੀਂ
ਲੱਕ ਟੁਣੂੰ-ਟੁਣੂੰ,
ਬੋਲੀ ਤੇਰੀ
ਘੁੱਗੂੰ-ਘੂੰ।


ਦਾਣਾ ਦਾਣਾ
ਚੁਗਦੀ ਤੂੰ,
ਫੁਰ-ਫੁਰ ਕਰ ਕੇ
ਉੱਡਦੀ ਤੂੰ।

ਸੁਰਮੇ ਰੰਗੇ
ਤੇਰੇ ਖੰਭ,
ਹਿਕੜੀ ਦਾ
ਮਟਿਆਲਾ ਰੰਗ।

ਗਰਦਨ ਉੱਤੇ
ਕਾਲੀ ਧਾਰੀ,
ਚੁੰਝ ਨਿੱਕੀ ਪਰ
ਲੱਗੇ ਪਿਆਰੀ।

ਤੂੰ ਨਾ ਕਰੇਂ
ਕਿਸੇ ਨੂੰ ਤੰਗ,
ਮੇਰੇ ਕੋਲ ਨਾ
ਆਉਣੋਂ ਸੰਗ।

ਤੂੰ ਅਮਨਾਂ ਲਈ
ਕਰੇਂ ਦੁਆ,
ਮੈਨੂੰ ਆਪਣਾ
ਗੀਤ ਸੁਣਾ।



# ਮੋਰ

ਮੋਰ ਭਾਰਤ ਦਾ ਰਾਸ਼ਟਰੀ ਪੰਛੀ ਹੈ। ਇਸ ਦੇ ਖੰਭਾਂ ਦੀ ਸੁੰਦਰਤਾ ਬੜੀ ਅਲੌਕਿਕ ਹੈ। ਇਸ ਦੀ ਲੰਬਾਈ ½ ਮੀਟਰ ਹੁੰਦੀ ਹੈ। ਦਾਣੇ, ਕੀੜੇ-ਮਕੌੜੇ, ਕਿਰਲੀ ਤੇ ਛੋਟੇ ਸੱਪ ਇਸ ਦੀ ਖੁਰਾਕ ਹਨ। ਰਾਤ ਸਮੇਂ ਇਹ ਰੁੱਖ 'ਤੇ ਆਰਾਮ ਕਰਦਾ ਹੈ।



# ਮੋਰ

ਮੋਰ ਪਿਆਰੇ
ਰੁਣ-ਝੁਣ ਲਾ,
ਆਪਣੇ ਸੁੰਦਰ
ਖੰਭ ਫੈਲਾਅ।

ਖੰਭ ਤੇਰੇ
ਲੰਮੇ ਚਮਕੀਲੇ,
ਉੱਤੇ ਟਿੱਕੇ
ਨੀਲੇ ਨੀਲੇ।

ਕਲਗੀ ਤੇਰੀ
ਸੁੰਦਰ ਲੱਗੇ,
ਸਿਰ ਦੇ ਉੱਤੇ
ਵਾਹਵਾ ਫੱਬੇ।

ਘਟਾ ਚੜ੍ਹੀ ਤੂੰ
ਖ਼ੁਸ਼ੀ ਮਨਾਵੇਂ,
ਪੈਲਾਂ ਪਾ ਕੇ
ਖੰਭ ਸਜਾਵੇਂ।

ਕਿਆਊਂ-ਕਿਆਊਂ
ਜਦ ਤੂੰ ਗਾਵੇਂ,
ਬਾਗ਼ਾਂ ਦੇ ਵਿੱਚ
ਰੌਣਕ ਲਾਵੇਂ।

ਤੂੰ ਹੈਂ ਕੌਮੀ
ਪੰਛੀ ਸਾਡਾ,
ਤੇਰੇ ਨਾਲ
ਪ੍ਰੇਮ ਹੈ ਡਾਢਾ।

ਮੋਰ ਪਿਆਰੇ
ਰੁਣ-ਝੁਣ ਲਾ,
ਰਾਜਾ ਬਣ ਕੇ
ਪੈਲਾਂ ਪਾ!!



# ਕੋਇਲ

ਕੋਇਲ ਬਿਰਛਾਂ ਦੀ ਵਾਸੀ ਹੈ। ਇਹ ਧਰਤੀ ਉੱਤੇ ਬਹੁਤ ਘੱਟ ਉਤਰਦੀ ਹੈ। ਇਸ ਦੀ ਮਿੱਠੀ ਆਵਾਜ਼ ਕੂ-ਕੂ ਸਭ ਨੂੰ ਪਿਆਰੀ ਲੱਗਦੀ ਹੈ। ਇਹ ਆਪਣਾ ਆਲ੍ਹਣਾ ਨਹੀਂ ਬਣਾਉਂਦੀ, ਸਗੋਂ ਕਾਂ ਦੇ ਆਲ੍ਹਣੇ 'ਚ ਆਂਡੇ ਦੇ ਕੇ, ਬੱਚੇ ਕੱਢਣ ਦਾ ਕੰਮ ਉਸ ਦੇ ਸਿਰ ਛੱਡ ਦਿੰਦੀ ਹੈ।



# ਕੋਇਲ

ਕੋਇਲੇ ਨੀਂ
ਸੁਣ ਕੋਇਲੇ ਸੁਣ,
ਤੇਰੇ ਵਿੱਚ ਹੈ
ਵੱਡਾ ਗੁਣ।

ਮਿੱਠੇ ਲੱਗਣ
ਤੇਰੇ ਬੋਲ,
ਜਿਊਂ ਮਿਸਰੀ
ਹੋਵੇ ਕੋਲ।

ਬਾਗ਼ਾਂ ਵਿੱਚ ਤੂੰ
ਰੌਣਕ ਲਾਵੇਂ,
ਅੰਬਾਂ ਨੂੰ ਤੱਕ
ਖ਼ੁਸ਼ੀ ਮਨਾਵੇਂ।

ਦੂਰੋਂ ਬੋਲੀ
ਜਾਏ ਪਛਾਣੀ,
ਤੂੰ ਬਾਗ਼ਾਂ ਦੀ
ਲੱਗੇ ਰਾਣੀ।

ਬੜੀ ਸੁਰੀਲੀ
ਕੂ-ਕੂ ਤੇਰੀ,
ਛੇਤੀ ਮੁੜਕੇ
ਪਾਵੀਂ ਫੇਰੀ।



## ਗੁਟਾਰ

ਗੁਟਾਰ ਸੁਭਾਅ ਪੱਖੋਂ ਮਿਲ ਕੇ ਰਹਿਣ ਵਾਲਾ ਪੰਛੀ ਹੈ। ਖੇਤ ਵਾਹੁੰਦੇ ਸਮੇਂ ਇਨ੍ਹਾਂ ਦੀ ਡਾਰ ਕੀੜੇ-ਮਕੌੜੇ ਖਾਂਦੀ ਵੇਖੀ ਜਾ ਸਕਦੀ ਹੈ। ਇਸ ਦੇ ਆਂਡੇ ਚਮਕਦਾਰ ਨੀਲੇ ਰੰਗ ਦੇ ਦਾਗ਼ ਰਹਿਤ ਹੁੰਦੇ ਹਨ। ਚਿੜੀ, ਕਾਂ ਤੇ ਕਬੂਤਰ ਵਾਂਗ ਗੁਟਾਰ ਪਿੰਡਾਂ, ਸ਼ਹਿਰਾਂ ਤੇ ਖੇਤਾਂ ਵਿੱਚ ਰਹਿਣ ਵਾਲਾ ਪੰਛੀ ਹੈ।



# ਗੁਟਾਰ

ਆਈ ਗੁਟਾਰ
ਆਈ ਗੁਟਾਰ,
ਵਿਹੜੇ ਵਿੱਚ
ਉਡਾਰੀ ਮਾਰ।

ਪੀਲੇ ਪੈਰ
ਤੇ ਪੀਲੀ ਚੁੰਝ
ਦਾਣੇ ਚੁਗਦੀ
ਮਾਰ ਕੇ ਠੁੰਗ।

ਖੰਭ ਏਸ ਦੇ
ਧੂੰਏਂ ਰੰਗੇ,
ਸਾਡੇ ਕੋਲ
ਆਉਣ ਤੋਂ ਸੰਗੇ।

ਸਿਰ ਇਸ ਦਾ ਹੈ
ਉਪਰੋਂ ਕਾਲਾ,
ਇਸ ਦਾ ਵੱਖਰਾ
ਬੋਲ ਨਿਰਾਲਾ।

ਝੁੰਡ ਇਨ੍ਹਾਂ ਦਾ
ਖੇਤੀਂ ਜਾਵੇ,
ਫੁਰਤੀ ਦੇ ਨਾਲ
ਕੀੜੇ ਖਾਵੇ।



## ਬਗਲਾ

ਬਗਲਾ ਦਲਦਲੀ ਇਲਾਕੇ ਦਾ ਪੰਛੀ ਹੈ। ਇਸ ਦੀ ਗਰਦਨ ਲੰਮੀ, ਪਤਲੀ ਤੇ ਬਹੁਤ ਲਚਕਦਾਰ ਅਤੇ ਚੁੰਝ ਬਰਛੀ ਵਰਗੀ ਤਿੱਖੀ ਹੁੰਦੀ ਹੈ। ਵੇਖਣ ਨੂੰ ਚੁੱਪ-ਚੁਪੀਤਾ ਲੱਗਦਾ ਪਰ ਮੱਛੀਆਂ ਤੇ ਡੱਡੀਆਂ ਢੂੰਡਣ ਨੂੰ ਚੇਤੰਨ ਰਹਿੰਦਾ ਹੈ। ਇਹ ਆਪਣਾ ਆਲ੍ਹਣਾ ਰੁੱਖਾਂ ਉੱਤੇ ਬਣਾਉਂਦਾ ਹੈ।



## ਬਗਲਾ

ਛੱਪੜ ਕੰਢੇ
ਬਗਲਾ ਖੜਿਆ,
ਸੁੰਡੀ ਨੂੰ ਉਸ
ਚੁੰਝ 'ਚ ਫੜਿਆ।

ਚਿੱਟਾ ਰੰਗ
ਤੇ ਲੰਮੀ ਚੁੰਝ,
ਮੱਛੀ, ਡੱਡੀ
ਲਵੇ ਫੜੁੰਗ।

ਅੱਖਾਂ ਮੀਚੀ
ਖੜਿਆ ਰਹਿੰਦਾ,
ਹਰ ਕੋਈ ਇਸ ਨੂੰ
ਦੰਭੀ ਕਹਿੰਦਾ।

ਪਸ਼ੂਆਂ ਤੇ ਬਹਿ
ਕਰੇ ਸੁਆਰੀ,
ਘਟਾ ਦਿੱਸੇ ਤਾਂ
ਭਰੇ ਉਡਾਰੀ।

ਚੁੱਪ-ਚੁਪੀਤਾ
ਉੱਡ ਇਹ ਜਾਏ,
ਨਾ ਕੋਈ ਮਿੱਠਾ
ਗੀਤ ਸੁਣਾਏ।



# ਇੱਲ੍ਹ

ਇੱਲ੍ਹ ਅਕਾਸ਼ ਵਿੱਚ ਉੱਚੇ ਉੱਡਣ ਵਾਲਾ ਪੰਛੀ ਹੈ। ਇਸ ਦੀ ਨਜ਼ਰ ਬਹੁਤ ਤੇਜ਼ ਹੁੰਦੀ ਹੈ ਪਰ ਸੁੰਘਣ ਸ਼ਕਤੀ ਘੱਟ। ਮੱਛੀਆਂ, ਸੱਪ ਤੇ ਚੂਹੇ ਇਸ ਦੀ ਖੁਰਾਕ ਹਨ। ਇਸ ਦੇ ਪੰਜਿਆਂ ਦੀ ਪਕੜ ਮਜ਼ਬੂਤ ਹੁੰਦੀ ਹੈ। ਵੱਡੇ ਰੁੱਖਾਂ ਉੱਤੇ ਇਸ ਦਾ ਆਲ੍ਹਣਾ ਵੱਡ-ਅਕਾਰੀ ਹੁੰਦਾ ਹੈ।



# ਇੱਲ੍ਹ

ਸਭ ਤੋਂ ਉੱਚੇ ਉੱਡਦੀ ਇੱਲ੍ਹ,
ਬਹੁਤ ਪਕੇਰਾ ਇਸ ਦਾ ਦਿਲ।

ਘੰਟਿਆਂ ਬੱਧੀ ਉੱਡ ਹੈ ਸਕਦੀ,
ਅੰਬਰ ਤੋਂ ਹੈ ਚੀਜ਼ਾਂ ਤੱਕਦੀ।

ਨਜ਼ਰ ਏਸ ਦੀ ਬਹੁਤ ਤਿਖੇਰੀ,
ਚੀਜ਼ ਲੱਭਣ ਨੂੰ ਲਾਏ ਨਾ ਦੇਰੀ।

ਪੀਲੀਆਂ ਚੀਜ਼ਾਂ ਦੀ ਹੈ ਖੋਰੀ,
ਸੋਨਾ ਵੀ ਕਰ ਲੈਂਦੀ ਚੋਰੀ।

ਝਪਟ ਮਾਰ ਕੇ ਖੋਹ ਲਵੇ ਰੋਟੀ,
ਚੂਚੇ ਖਾਣ ਦੀ ਨੀਅਤ ਖੋਟੀ।

ਉੱਡਦੀ ਜਾਪੇ ਵਾਂਗ ਜਹਾਜ਼,
ਮਾਰ ਨਾ ਸਕੇ ਇਸ ਨੂੰ ਬਾਜ਼।

ਫੜ ਕੇ ਪੰਜਿਆਂ ਵਿੱਚ ਸ਼ਿਕਾਰ,
ਉੱਡ ਜਾਵੇ ਝੱਟ ਦੇਖਦੇ ਸਾਰ।



# ਉੱਲੂ

ਉੱਲੂ ਰਾਤੀਂ ਜਾਗਣ ਵਾਲਾ ਪੰਛੀ ਹੈ। ਦਿਨੇ ਲੁਕਿਆ ਰਹਿੰਦਾ ਹੈ। ਇਹ ਆਪਣੀ ਗਰਦਨ ਨੂੰ ਪੂਰਾ ਘੁਮਾ ਸਕਦਾ ਹੈ। ਇਹ ਭਮੱਕੜ, ਕੀੜੇ, ਕਿਰਲੇ, ਚੂਹੇ ਤੇ ਪੰਛੀਆਂ ਦੇ ਬੋਟਾਂ ਦਾ ਸ਼ਿਕਾਰ ਕਰਦਾ ਹੈ।



# ਉੱਲੂ

ਰੁੱਖ ’ਤੇ ਬੈਠਾ ਉੱਲੂ ਬਾਟਾ,
ਸਾਡਾ ਤੇਰਾ ਹੈ ਬੋ-ਕਾਟਾ।

ਦਿਨੇਂ ਤੂੰ ਅੱਖਾਂ ਮੀਟੀ ਰੱਖੇਂ,
ਰਾਤ ਪਈ ਤਾਂ ਬਿਟ-ਬਿਟ ਤੱਕੇਂ।

ਤੇਰੀਆਂ ਅੱਖਾਂ ਗੋਲ-ਮਟੋਲ,
ਖਰਵੇ ਖਰਵੇ ਤੇਰੇ ਬੋਲ।

ਰਾਤੀਂ ਊ-ਊ ਬੋਲ ਡਰਾਵੇਂ,
ਝਪਟ ਮਾਰ ਕੇ ਚੂਹੇ ਖਾਵੇਂ।

ਤੇਰੀ ਤਿੱਖੀ ਮੁੜਵੀਂ ਚੁੰਝ,
ਕੀੜਿਆਂ ਨੂੰ ਤੂੰ ਲਵੇਂ ਫੜੁੰਗ।

ਵੱਡੇ ਵੱਡੇ ਤੇਰੇ ਪੰਜੇ,
ਤਿੱਖੇ ਕਰ ਕੇ ਹੋਵਣ ਰੰਦੇ।

ਸਾਨੂੰ ਤੈਥੋਂ ਡਰ ਹੈ ਆਉਂਦਾ,
ਭਾਵੇਂ ਮਿੱਤਰ ਬਣ ਦਿਖਲਾਉਂਦਾ।



## ਚੱਕੀਰਾਹਾ

ਚੱਕੀਰਾਹਾ ਕਲਗੀ ਵਾਲਾ ਇੱਕ ਸੁੰਦਰ ਪੰਛੀ ਹੈ। ਇਸ ਦੀ ਚੁੰਝ ਲੰਮੇਰੀ ਤੇ ਤਿੱਖੀ ਹੁੰਦੀ ਹੈ। ਕਦੇ-ਕਦੇ ਇਹ ਨਿੱਕੇ-ਨਿੱਕੇ ਕਦਮ ਪੁੱਟਦਾ ਤੇ ਫੇਰ ਉਡਾਰੀ ਭਰ ਲੈਂਦਾ ਹੈ। ਇਹ ਕੀੜੇ-ਮਕੌੜੇ ਖਾਂਦਾ ਹੈ। ਇਸ ਨੂੰ ਪੁਆਧ ਦੇ ਲੋਕੀਂ 'ਠੋਕਮਠਹੀਆ' ਵੀ ਕਹਿੰਦੇ ਹਨ।



# ਚੱਕੀਰਾਹਾ

ਔਹ ਫਿਰਦਾ ਹੈ ਚੱਕੀਰਾਹਾ,
ਸੁੰਡੀਆਂ ਖਾਣ ਦਾ ਉਸ ਨੂੰ ਲਾਹਾ।

ਲੋਹੇ ਰੰਗੀ ਚੁੰਝ ਲੰਮੇਰੀ,
ਠੁਮਕ-ਠੁਮਕ ਕੇ ਪਾਵੇ ਫੇਰੀ।

ਖੰਭਾਂ ਉੱਤੇ ਕਾਲੀਆਂ ਲੀਕਾਂ,
ਜਿਵੇਂ ਲਿਖੀਆਂ ਹੋਣ ਤਰੀਕਾਂ।

ਟਿਮਕਣੇ ਵਰਗੀ ਅੱਖ ਦੇ ਨਾਲ,
ਚੋਗੇ ਦੀ ਕਰ ਲੈਂਵੇ ਭਾਲ।

ਪੱਖੇ ਵਰਗੀ ਕਲਗੀ ਸੁਹਣੀ,
ਸ਼ਕਲ ਏਸ ਦੀ ਹੈ ਮਨਮੋਹਣੀ।

ਖੇਤਾਂ ਦੇ ਸੰਗ ਇਸ ਦੀ ਯਾਰੀ,
ਮਸਤੀ ਦੇ ਨਾਲ ਭਰੇ ਉਡਾਰੀ।



## ਬਿਜੜਾ

ਬਿਜੜਾ (ਬਈਆ ਜਾਂ ਬੰਬਈਆ) ਚਿੜੀ ਜਿੰਨਾ ਚੁਸਤ ਪੰਛੀ ਹੈ। ਇਸ ਦੇ ਆਲ੍ਹਣੇ ਦੀ ਸ਼ਿਲਪਕਾਰੀ ਬੜੀ ਹੈਰਾਨ ਕਰਨ ਵਾਲੀ ਹੈ। ਨਰ-ਬਿਜੜਾ ਆਲ੍ਹਣੇ ਨੂੰ ਨਾਰੀਅਲ, ਖਜੂਰ, ਧਾਨ ਤੇ ਕਮਾਦ ਦੇ ਰੇਸ਼ੇ ਚੀਰ ਕੇ ਜਾਂ ਘਾਹ ਦੇ ਤੀਲਿਆਂ ਨਾਲ ਬਹੁਤ ਸੁੰਦਰ ਬਣਾਉਂਦਾ ਹੈ। ਇਸ ਦੇ ਆਲ੍ਹਣੇ ਕਿੱਕਰ, ਖਜੂਰ ਤੇ ਬੇਰੀ ਦੇ ਰੁੱਖਾਂ ਨਾਲ ਲਟਕਦੇ ਹੁੰਦੇ ਹਨ।



# ਬਿਜੜਾ

ਚਿੜੀ ਜਿੰਨਾ ਹੈ ਬਿਜੜਾ ਪੰਛੀ
ਆਲ੍ਹਣਾ ਇਸ ਦਾ ਨਿਆਰਾ ਹੈ,
ਟਹਿਣੀ ਉੱਤੇ ਝੂਟੇ ਲੈਵੇ
ਲੱਗਦਾ ਬਹੁਤ ਪਿਆਰਾ ਹੈ।

ਚੀਰ ਚੀਰ ਕੇ ਪੱਤਰ ਸਾਵੇ
ਘਰ ਨੂੰ ਆਪ ਬਣਾਉਂਦਾ ਹੈ,
ਬੂਹੇ, ਬਾਰੀਆਂ ਰੱਖ ਝਰੋਖੇ,
ਮਿਹਨਤ ਨਾਲ ਸਜਾਉਂਦਾ ਹੈ।

ਮੀਂਹ, ਝੱਖੜ ਤੇ ਧੁੱਪਾਂ ਕੋਲੋਂ
ਇਸ ਨੂੰ ਡਰ ਨਾ ਰਹਿੰਦਾ ਹੈ,
ਘਰ ਵਰਗਾ ਸੁਖ ਕਿਧਰੇ ਨਾਹੀਂ
ਇਹ ਗੱਲ ਸਭ ਨੂੰ ਕਹਿੰਦਾ ਹੈ।

ਨਿੱਕਾ ਜਿਹਾ ਇਹ ਪੰਛੀ ਦੇਖੋ
ਕੰਮ ਅਣੋਖੇ ਕਰਦਾ ਹੈ,
ਫੜ ਟਟਹਿਣੇ ਚਾਨਣ ਖ਼ਾਤਰ
ਵਿੱਚ ਆਲ੍ਹਣੇ ਜੜਦਾ ਹੈ।

ਨਿੱਕਾ ਕਲਾਕਾਰ ਇਹ ਪੰਛੀ
ਤੱਕ ਹੈਰਾਨੀ ਹੁੰਦੀ ਹੈ,
ਤੀਲੀ ਤੀਲੀ ਚੁੰਝ ਦੇ ਰਾਹੀਂ
ਆਲ੍ਹਣੇ ਦੇ ਵਿੱਚ ਗੁੰਦੀ ਹੈ।



# ਟਟੀਹਰੀ

ਟਟੀਹਰੀ ਛੱਪੜ, ਤਲਾਅ ਜਾਂ ਦਲਦਲ ਦੇ ਇਲਾਕਿਆਂ ਨੇੜੇ ਰਹਿਣ ਵਾਲਾ ਪੰਛੀ ਹੈ। ਇਸ ਦੀਆਂ ਲੱਤਾਂ ਲੰਮੀਆਂ ਤੇ ਪਤਲੀਆਂ ਹੁੰਦੀਆਂ ਹਨ। ਇਸ ਦੀਆਂ ਅੱਖਾਂ ਨੇੜੇ ਲਾਲ ਰੰਗ ਦੀ ਮਾਸ ਦੀ ਤੰਦ ਹੁੰਦੀ ਹੈ। ਇਹ ਧਰਤੀ 'ਤੇ ਕੰਕਰ, ਗੀਟੇ ਤੇ ਰੋੜੀਆਂ ਦਾ ਆਲ੍ਹਣਾ ਬਣਾ ਕੇ ਆਂਡੇ ਦਿੰਦੀ ਹੈ।



# ਟਟੀਹਰੀ

ਉਡੇ ਟਟੀਹਰੀ ਟਰੀਂ-ਟਰੀਂ ਕਰਦੀ,
ਰਾਤ ਦਿਨੇ ਹੈ ਰਹਿੰਦੀ ਡਰਦੀ।


ਆਂਡਿਆਂ ਦੀ ਹੈ ਰੱਖਦੀ ਸਾਰ।
ਸੌਂਦੀ ਹੈ ਪਰ ਪਿੱਠ ਦੇ ਭਾਰ।

ਮਿੱਟੀ ਦੇ ਵਿੱਚ ਆਂਡੇ ਦੇਵੇ,
ਤਾਂ ਜੋ ਕੋਈ ਲੱਭ ਨਾ ਲੇਵੇ।

ਕਾਨੇ ਵਰਗੀਆਂ ਪੀਲੀਆਂ ਲੱਤਾਂ,
ਉਡਦੀ ਫਿਰਦੀ ਦੇਵੇ ਮੱਤਾਂ।

ਛੱਪੜ ਕੰਢੇ ਉਡਦੀ ਬਹਿੰਦੀ,
ਕੀੜੇ-ਮਕੌੜੇ ਲੱਭਦੀ ਰਹਿੰਦੀ।

ਰਾਤ ਸਮੇਂ ਵੀ ਰੌਣਕ ਲਾਉਂਦੀ,
ਹੋਕਾ ਲਾ ਕੇ ਗੀਤ ਸੁਣਾਉਂਦੀ।



## ਕਠਫੋੜਾ

ਕਠਫੋੜੇ ਨੂੰ ਤਰਖਾਣ ਜਾਂ ਲੱਕੜਹਾਰਾ ਵੀ ਕਿਹਾ ਜਾਂਦਾ ਹੈ। ਰੁੱਖਾਂ ਦੇ ਟਾਹਣਿਆਂ 'ਚ ਛੇਦ ਕਰਨ ਸਮੇਂ ਹਥੌੜੀ ਵਾਂਗ ਆਪਣੀ ਚੁੰਝ ਨਾਲ ਠਕ-ਠਕ ਕਰਦਾ ਰਹਿੰਦਾ ਹੈ। ਆਪਣੀ ਪੂੰਛ ਨੂੰ ਤੀਜੀ ਲੱਤ ਦੇ ਤੌਰ 'ਤੇ ਰੁੱਖ ਨਾਲ ਚਿੰਮੜਨ ਲਈ ਵਰਤਦਾ ਹੈ। ਸੰਸਾਰ ਵਿੱਚ ਇਸ ਦੀਆਂ ਲਗਭਗ 400 ਕਿਸਮਾਂ ਹਨ।



# ਕਠਫੋੜਾ

ਬੜਾ ਅਨੋਖਾ ਪੰਛੀ ਦੇਖੋ
ਰੁਖ ਤੇ ਟੁਕ-ਟੁਕ ਕਰਦਾ ਜੋ,
ਕੀੜੇ ਕੱਢ ਕੇ ਲੱਕੜ ਵਿੱਚੋਂ
ਆਪਣੇ ਢਿੱਡ ਨੂੰ ਭਰਦਾ ਜੋ।

ਵਰਮੇ ਵਰਗੀ ਚੁੰਝ ਪਕੇਰੀ
ਕਠਫੋੜਾ ਹੈ ਇਸ ਦਾ ਨਾਂ,
ਛੇਕ ਕਰਨ ਨੂੰ ਲੱਭਦਾ ਰਹਿੰਦਾ
ਰੁੱਖ ਉੱਤੇ ਹੈ ਕਿਹੜੀ ਥਾਂ।

ਸਿਰ 'ਤੇ ਟੋਪੀ ਲਾਲ ਰੰਗ ਦੀ
ਲੱਗੇ ਸਿਪਾਹੀ ਰੁੱਖਾਂ ਦਾ,
ਨਾਲ ਹੌਸਲੇ ਖੁੱਡਾਂ ਕਰਦਾ
ਇਸ ਨੂੰ ਡਰ ਨੀਂ ਭੁੱਖਾਂ ਦਾ।

ਜੀਭ ਏਸ ਦੀ ਹੋ ਜਾਏ ਲੰਮੀ
ਜਿੰਨਾ ਲੰਮਾ ਇਸ ਦਾ ਕੱਦ,
ਕਿੱਕ-ਕਿੱਕ ਕਰ ਕੇ ਰੌਲਾ ਪਾਵੇ
ਸੁੰਘਣ ਸ਼ਕਤੀ ਇਸ ਦੀ ਵੱਧ।



## ਨੀਲਕੰਠ

ਨੀਲਕੰਠ ਨੀਲੇ, ਫਰੋਜੀ ਤੇ ਬਦਾਮੀ ਰੰਗ ਦਾ ਪੰਛੀ ਹੈ। ਇਹ ਸਰਦੀ ਦੇ ਅਰੰਭ 'ਚ ਵੇਖਣ ਨੂੰ ਮਿਲਦਾ ਹੈ। ਇਸ ਨੂੰ ਚਤੁਰ, ਸਿਆਣਾ ਤੇ ਸੂਝਵਾਨ ਪੰਛੀ ਮੰਨਿਆ ਗਿਆ ਹੈ। ਕੀੜੇ-ਮਕੌੜੇ, ਕਿਰਲੇ, ਡੱਡੂ, ਚੂਹੇ, ਕੱਚਾ ਮਾਸ ਤੇ ਫਲ ਇਸ ਦੀ ਖੁਰਾਕ ਹਨ। ਇਸ ਨੂੰ ਗਰੜ ਜਾਂ ਗੈੜਫੰਗ ਵੀ ਕਹਿੰਦੇ ਹਨ।



# ਨੀਲਕੰਠ

ਰੁੰਡ-ਮੁੰਡ ਟਹਿਣੀ ਉੱਤੇ ਬੈਠਾ
ਨੀਲਕੰਠ ਹੈ ਖੰਭ ਫੈਲਾਉਂਦਾ,
ਕਲਾਬਾਜ਼ੀਆਂ ਮਾਰ ਕੇ ਪੁੱਠੀਆਂ,
ਆਪਣਾ ਚਿੱਤ ਹੈ ਖ਼ੂਬ ਪਰਚਾਉਂਦਾ।

ਖੰਭ ਫਰੋਜੀ ਨੀਲੇ ਗੂੜ੍ਹੇ
ਸਿਰ ਵੱਡਾ ਤੇ ਚੁੰਝ ਹੈ ਭਾਰੀ,
ਧੁੱਪ ਚੜ੍ਹੇ ਤਾਂ ਖ਼ੁਸ਼ੀ ਮਨਾਵੇ
ਸੁੰਡੀਆਂ ਦਾ ਇਹ ਬੜਾ ਸ਼ਿਕਾਰੀ।

ਰੰਗ ਬਦਾਮੀ ਇਸ ਦੀ ਹਿੱਕ ਦਾ
ਗਰਦਨ ਉੱਤੇ ਟਿਮਕਣ ਦਾਣੇ,
ਕਿੰਨਾ ਸੁਹਣਾ ਲੱਗਦਾ ਦੇਖੋ
ਕਰੇ ਕਲੋਲਾਂ ਮੌਜਾਂ ਮਾਣੇ।



## ਮਮੋਲਾ

ਮਮੋਲਾ ਨੀਲੇ-ਚਿੱਟੇ ਰੰਗ ਦਾ ਚਿੜੀ ਵਰਗਾ ਚੁਸਤ ਪੰਛੀ ਹੈ। ਸਰਦੀ ਦੇ ਅਰੰਭ 'ਚ ਲੰਮੀਆਂ ਉਡਾਰੀਆਂ ਭਰ ਕੇ ਪੰਜਾਬ ਵਿੱਚ ਆਉਂਦਾ ਹੈ। ਧਰਤੀ ਉੱਤੇ ਇਸ ਦੀ ਤੋਰ ਬੜੀ ਪਿਆਰੀ ਲੱਗਦੀ ਹੈ। ਧਰਤੀ ਤੇ ਚੋਗਾ ਭਾਲਣ ਲਈ ਉਡਾਰੀਆਂ ਭਰਦਾ ਰਹਿੰਦਾ ਹੈ।



## ਮਮੋਲਾ

ਰੁੱਤ ਬਦਲੀ
ਮਮੋਲਾ ਆਇਆ
ਸਰਦੀ ਦਾ
ਸੰਦੇਸ਼ ਲਿਆਇਆ।

ਚੋਗਾ ਚੁਗਦਾ
ਲੱਗੇ ਪਿਆਰਾ
ਨੀਲੇ ਅੰਬਰ ਦਾ
ਜਿਉਂ ਤਾਰਾ।

ਨੀਲੇ ਚਿੱਟੇ
ਇਸ ਦੇ ਖੰਭ
ਸੁਹਣੇ ਲੱਗਣ
ਖਿੜਵੇਂ ਰੰਗ।

ਨਿੱਕੀ ਜਿਹੀ
ਉਡਾਰੀ ਭਰਦਾ
ਮੇਰਾ ਵੀ ਜੀਅ
ਉਡਣ ਨੂੰ ਕਰਦਾ।



# ਕੂੰਜ

ਕੂੰਜ ਠੰਢੇ ਦੇਸ ਦਾ ਪੰਛੀ ਹੈ। ਇਹ ਪੰਛੀ ਡਾਰਾਂ 'ਚ ਕਮਾਣੀਦਾਰ ਕਤਾਰ ਬਣਾਕੇ ਕਾਫ਼ੀ ਉੱਚੇ ਉਡਦੇ ਹਨ। ਪਰਵਾਸ ਲਈ ਬਹੁਤ ਲੰਮਾ ਸਫ਼ਰ ਤਹਿ ਕਰਦੇ ਹਨ। ਕੂੰਜਾਂ ਪੰਜਾਬ 'ਚ ਕੱਤਕ ਦੇ ਮਹੀਨੇ ਭਾਵ ਸਰਦੀ ਦੇ ਅਰੰਭ 'ਚ ਆਉਂਦੀਆਂ ਹਨ।



# ਕੂੰਜ

ਠੰਢੇ ਦੇਸੋਂ
ਕੂੰਜਾਂ ਆਈਆਂ
ਦੇਖੋ ਅੰਬਰੀਂ
ਪ੍ਰੀਤਾਂ ਲਾਈਆਂ।

ਬੰਨ੍ਹ ਕਤਾਰਾਂ
ਕੱਤਕੀਂ ਆਵਣ
ਖੰਭ ਹਿਲਾਕੇ
ਗਾਉਂਦੀਆਂ ਜਾਵਣ।

ਜੇਕਰ ਰਹਿ ਜੇ
ਪਿੱਛੇ ਕੋਈ
ਵਿਲਕਣ ਲੱਗੇ
ਜਿਉਂ ਅਧਮੋਈ।

ਖੰਭ ਕਾਸ਼ਨੀ
ਕਾਲੇ ਲੱਗਣ
ਰਲ ਕੇ ਆਈਆਂ
ਚੋਗਾ ਲੱਭਣ।

ਚੰਗੀ ਲੱਗੇ
ਇਨ੍ਹਾਂ ਦੀ ਡਾਰ,
ਬੋਟਾਂ ਦੀ ਜਾ
ਲੈਵਣ ਸਾਰ।



## ਬਾਜ਼

ਬਾਜ਼ ਚਟਾਨਾਂ ਤੇ ਟਿੱਲਿਆਂ ਵਾਲੇ ਠੰਢੇ ਦੇਸ ਦਾ ਪੰਛੀ ਹੈ। ਇਹ ਸ਼ਕਤੀਸ਼ਾਲੀ ਅਤੇ ਬਹੁਤ ਤੇਜ਼ ਉੱਡਣ ਵਾਲਾ ਪੰਛੀ ਹੈ। ਇਹ ਕਬੂਤਰ, ਤਿੱਤਰ, ਮੁਰਗਾਬੀ, ਤੋਤਾ, ਸਾਹਾ ਤੇ ਹੋਰ ਪੰਛੀਆਂ ਦਾ ਸ਼ਿਕਾਰ ਕਰਦਾ ਹੈ। ਬਾਜ਼ ਕਈ ਸਾਲ ਇੱਕੋ ਥਾਂ ਆਲ੍ਹਣਾ ਬਣਾਈ ਰੱਖਦਾ ਹੈ।



# ਬਾਜ਼

ਬੜਾ ਬਹਾਦਰ ਪੰਛੀ ਬਾਜ਼,
ਪੰਛੀਆਂ ਪਿੱਛੇ ਲਾਵੇ ਭਾਜ.।

ਨਿੱਕੇ ਪੰਛੀ ਮਾਰ ਕੇ ਖਾਵੇ,
ਮਾਸਾਹਾਰੀ ਤਦੇ ਕਹਾਵੇ।


ਅੰਬਰ 'ਤੇ ਧਰਤੀ ਵਿਚਕਾਰ,
ਉਡਦਾ ਹੈ ਤਿੱਖੀ ਰਫ਼ਤਾਰ।

ਪੰਛੀ ਇਸ ਤੋਂ ਹਰ-ਹਰ ਕਰਦੇ,
ਲੁਕਦੇ ਫਿਰਦੇ ਇਸ ਤੋਂ ਡਰਦੇ।

ਨਾਲ ਹੌਂਸਲੇ ਕਰੇ ਸ਼ਿਕਾਰ,
ਤਿੱਤਰ, ਚਿੜੀਆਂ ਲੈਵੇ ਮਾਰ।

ਇਸ ਦੀ ਦਾਣੇ ਵਰਗੀ ਅੱਖ,
ਦੂਰੋਂ ਲਵੇ ਸ਼ਿਕਾਰ ਨੂੰ ਤੱਕ।

ਪੰਛੀਆਂ ਦਾ ਸਰਦਾਰ ਕਹਾਵੇ,
ਠੰਢੇ ਦੇਸੋਂ ਚੱਲ ਕੇ ਆਵੇ।



## ਹੰਸ

ਹੰਸ ਸ਼ਾਹੀ ਤੇ ਪਵਿੱਤਰ ਪੰਛੀ ਮੰਨਿਆ ਗਿਆ ਹੈ। ਭਾਰਤ ਵਿੱਚ ਚਿੱਟੇ ਅਤੇ ਆਸਟ੍ਰੇਲੀਆ ਵਿੱਚ ਕਾਲੇ ਰੰਗ ਦੇ ਹੰਸ ਮਿਲਦੇ ਹਨ। ਹੰਸ ਦੀ ਚੁੰਝ ਵਿਚ ਅਜਿਹੀ ਖਟਾਸ ਹੁੰਦੀ ਕਿ ਜਦੋਂ ਉਹ ਆਪਣੀ ਚੁੰਝ ਦੁੱਧ 'ਚ ਡਬੋਂਦਾ ਤਾਂ ਦੁੱਧ ਵੱਖ ਤੇ ਪਾਣੀ ਵੱਖ ਹੋ ਜਾਂਦਾ ਹੈ।



# ਹੰਸ

ਝੀਲ, ਸਰੋਵਰ ਰਹਿੰਦਾ ਹੰਸ,
ਇਸ ਦੀ ਵੱਖਰੀ ਸੁੰਦਰ ਵੰਸ।

ਸਾਫ਼ ਤੇ ਨਿਰਮਲ ਜਲ 'ਚ ਰਹਿੰਦਾ,
ਜਦੋਂ ਚਾਹੇ ਆ ਕੰਢੇ ਬਹਿੰਦਾ।

ਡੱਡੂ, ਮੱਛੀ ਜੀਵ ਨਾ ਖਾਏ,
ਚੁਗੇ ਬਨਸਪਤੀ, ਟੁੱਭੀਆਂ ਲਾਏ।

ਚਾਲ ਹੰਸ ਦੀ ਬੜੀ ਪਿਆਰੀ,
ਲਹਿਰਾਂ ਉੱਤੇ ਕਰੇ ਸੁਆਰੀ।

ਲੰਮੀ ਗਰਦਨ ਝੱਟ ਮਰੋੜੇ,
ਇੱਕ ਦੂਜੇ ਨਾਲ ਚੁੰਝਾਂ ਜੋੜੇ।

ਦੁੱਧ-ਚਿੱਟੇ ਜਦ ਖੰਭ ਫੈਲਾਵੇ,
ਬੜਾ ਹੀ ਸੋਹਣਾ ਮਨ ਨੂੰ ਭਾਵੇ।



# ਮਨਮੋਹਣੇ ਪੰਛੀ

ਘੁੱਗੀਆਂ, ਗੁਟਾਰਾਂ, ਚਿੜੀਆਂ ਤੇ ਬੱਤਖਾਂ,
ਪੰਛੀ ਮਨਮੋਹਣੇ ਕੂੰਜਾਂ ਆਉਣ ਕੱਤਕਾਂ।

ਸਾਉਣ ਦੇ ਮਹੀਨੇ ਮੋਰ ਪੈਲਾਂ ਪਾਂਵਦੇ,
ਤੱਕ ਕੇ ਜਿਨ੍ਹਾਂ ਨੂੰ ਬੱਚੇ ਗੀਤ ਗਾਂਵਦੇ।

ਤਿਤਲੀਆਂ ਦੀ ਡਾਰ ਮਾਰਦੀ ਉਡਾਰੀਆਂ,
ਲਾਉਣ ਮੁਰਗਾਬੀਆਂ ਤਲਾਂ 'ਚ ਤਾਰੀਆਂ।

ਅੰਬਾਂ ਉੱਤੇ ਕੋਇਲ ਮਿੱਠੇ ਬੋਲ ਬੋਲਦੀ,
ਬਾਗ਼ਾਂ ਵਿੱਚ ਰਸਨਾ ਪਿਆਰੀ ਘੋਲਦੀ।

ਬਿਜੜਾ ਬਣਾਏ ਆਲ੍ਹਣਾ ਕਮਾਲ ਦਾ,
ਚੱਕੀਰਾਹਾ ਸੁੰਡੀਆਂ ਨੂੰ ਰਹੇ ਭਾਲਦਾ।

ਚੁਗਦਾ ਕਬੂਤਰ ਰੋੜ ਸੁੱਕੇ ਰੇਤ 'ਚੋਂ,
ਕਾਲਚਿੜੀ ਕੀੜੇ ਕੱਢ ਖਾਵੇ ਖੇਤ 'ਚੋਂ।

ਨੀਲਕੰਠ ਟਹਿਣੀ ਉੱਤੇ ਖੰਭ ਖੋਲ੍ਹਦਾ,
ਤਿੱਤਰ ਸੁਣੋ ਭਾਂਤੋ-ਭਾਂਤ ਬੋਲ ਬੋਲਦਾ।

ਪੰਛੀਆਂ ਦੇ ਨਾਲ ਬਿਰਛ ਬੂਟੇ ਚਹਿਕਦੇ,
ਧਰਤੀ 'ਤੇ ਫੁੱਲ ਸਦਾ ਰਹਿਣ ਟਹਿਕਦੇ।

# ਲੇਖਕ ਵੱਲੋਂ



ਮਨਮੋਹਨ ਸਿੰਘ ਦਾਊਂ

ਪੰਜਾਬੀ ਬਾਲ ਸਾਹਿਤ ਦੀ ਜਦੋਂ ਗੱਲ ਛਿੜਦੀ ਹੈ ਤਾਂ ਬੱਚਿਆਂ ਲਈ ਚੰਗੇਰੇ ਬਾਲ ਸਾਹਿਤ ਦੀ ਘਾਟ ਮਹਿਸੂਸ ਕੀਤੀ ਜਾਂਦੀ ਹੈ। ਇਹ ਪੁਸਤਕ ਬੱਚਿਆਂ ਦੇ ਸ਼ੌਕ, ਰੁਚੀਆਂ ਤੇ ਬਾਲ-ਮਨੋਵਿਗਿਆਨ ਨੂੰ ਮੁੱਖ ਰੱਖਕੇ ਲਿਖਣ ਦਾ ਇੱਕ ਉਪਰਾਲਾ ਹੈ। ਕੋਸ਼ਿਸ਼ ਕੀਤੀ ਗਈ ਹੈ ਕਿ ਇਹ ਸਚਿੱਤਰ ਕਿਤਾਬੜੀ ਰੌਚਿਕ ਤੇ ਗਿਆਨ 'ਚ ਵਾਧਾ ਕਰਨ ਦੇ ਨਾਲ-ਨਾਲ ਪੰਛੀਆਂ ਬਾਰੇ ਹੋਰ ਵੱਧ ਜਾਨਣ ਦੀ ਪ੍ਰੇਰਨਾ ਦੇ ਸਕੇ; ਕਿਉਂਕਿ ਪੰਛੀਆਂ ਦੀ ਦੁਨੀਆਂ ਬੜੀ ਵਚਿੱਤਰ ਅਤੇ ਅਲੌਕਿਕ ਹੈ। ਲਗਭਗ ਇੱਕ ਸਾਲ ਦੇ ਅਧਿਐਨ ਅਤੇ ਨਿੱਜੀ ਤਜਰਬੇ ਪਿੱਛੋਂ ਇਸ ਪੁਸਤਕ ਲਈ ਬਾਲ-ਪਾਠਕਾਂ ਨਾਲ ਕਈ ਵਿਚਾਰਾਂ ਸਾਂਝੀਆਂ ਕਰਕੇ, ਤੱਥਾਂ ਨੂੰ ਜਾਨਣ ਦਾ ਯਤਨ ਕੀਤਾ ਗਿਆ ਹੈ। ਉਦਾਹਰਣ ਵਜੋਂ ਇਹ ਪਰਖਣ ਲਈ ਕਿ ਟਟੀਹਰੀ ਸੱਚਮੁੱਚ ਹੀ ਪਿੱਠ ਦੇ ਭਾਰ ਸੌਂਦੀ ਹੈ, ਮੈਂ ਆਪਣੇ ਗੁਆਂਢੀ-ਵਿਦਿਆਰਥੀ ਮਹੰਤ ਸਿੰਘ ਨਾਲ ਰਾਤ ਸਮੇਂ ਖੇਤ 'ਚ ਜਾ ਕੇ ਟਟੀਹਰੀ ਨੂੰ ਲੱਤਾਂ ਉਤਾਂਹ ਨੂੰ ਚੁੱਕੀ, ਸੁੱਤੀ ਵੇਖਣ ਦਾ ਮੌਕਾ ਲੱਭਿਆ। ਬਿਜੜੇ ਨੂੰ ਰਾਤ ਸਮੇਂ ਟਟਹਿਣੇ ਫੜ ਕੇ ਆਲ੍ਹਣੇ 'ਚ ਜੜਣ ਲਈ ਲਿਆਉਂਦੇ ਵੇਖਿਆ। ਕਾਂਠੀ ਵਾਲੇ ਪਾਲਤੂ ਤੋਤੇ ਦੀ ਬੋਲੀ ਸਿੱਖਣ ਦੇ ਗੁਣ ਜਾਨਣ ਲਈ ਕਿੰਨੇ ਹੀ ਮਹੀਨੇ ਉਸਦੀਆਂ ਆਵਾਜ਼ਾਂ ਸੁਣੀਆਂ। ਪੰਛੀਆਂ ਨੂੰ ਨੇੜਿਓਂ ਤੱਕਿਆ ਅਤੇ ਉਹਨਾਂ ਦੇ ਆਲ੍ਹਣੇ, ਆਂਡੇ ਤੇ ਆਦਤਾਂ ਆਦਿ ਨੂੰ ਘੋਖਣ ਦੀ ਕੋਸ਼ਿਸ਼ ਕੀਤੀ।

ਹਥਲੀ ਪੁਸਤਕ ਵਿਚ ਕੇਵਲ ਅਜਿਹੇ ਪੰਛੀ ਹੀ ਅੰਕਿਤ ਕੀਤੇ ਗਏ ਹਨ ਜਿਹੜੇ ਆਮ ਕਰਕੇ ਸਾਡੇ ਸਭਿਆਚਾਰ, ਆਲੇ-ਦੁਆਲੇ ਜਾਂ ਬੱਚਿਆਂ ਦੀਆਂ ਪਾਠ-ਪੁਸਤਕਾਂ ਨਾਲ ਸੰਬੰਧਿਤ ਹਨ। ਇਹ ਯਤਨ ਕਿੰਨਾ ਕੁ ਸਫ਼ਲ ਰਿਹਾ ਹੈ, ਇਸ ਬਾਰੇ ਪਾਠਕਾਂ ਦੇ ਹੁੰਗਾਰੇ ਦਾ ਸੁਆਗਤ ਹੈ।

Tarlochan
Publishers
Panchhian De Geet